ਵੱਲੋਂ

ਉਪ ਮੰਡਲ ਇੰਜੀਨੀਅਰ,
ਉਪ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਮੋਰਿੰਡਾ।

ਵੱਲ

ਪ੍ਰਿੰਸੀਪਲ,
ਸੈਕਰਡ ਸੋਲਜ਼ ਸਕੂਲ,
ਪਿੰਡ ਘੜੂੰਆਂ,
ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ)।

ਮੀਮੋ ਨੰ. 449 ਮਿਤੀ: 09-07-2021

**ਵਿਸ਼ਾ:-** **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਸਾਲ 2021-22 ਤੋਂ 2028-29**

**ਹਵਾਲਾ:-** **ਆਪ ਦਾ ਪੱਤਰ ਨੰ. SSS/ADM/2021-22/4279 ਮਿਤੀ: 03-07-2021**

*******

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦੇ ਸਕੂਲ ਸੈਕਰਡ ਸੌਲਜ਼ ਸਕੂਲ, ਪਿੰਡ ਘੜੂੰਆਂ, ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦੀ ਬਿਲਡਿੰਗ ਦਾ ਇਸ ਦਫ਼ਤਰ ਦੇ ਸ੍ਰੀ ਕੰਵਲਪ੍ਰੀਤ ਸਿੰਘ, ਜੂਨੀਅਰ ਇੰਜੀਨੀਅਰ ਨੇ ਨਿਰੀਖਣ ਕੀਤਾ ਹੈ, ਨਿਰੀਖਣ ਕਰਨ ਉਪਰੰਤ ਜੂਨੀਅਰ ਇੰਜੀਨੀਅਰ ਦੀ ਰਿਪੋਰਟ ਅਨੁਸਾਰ ਉਕਤ ਬਿਲਡਿੰਗ ਸੇਫ ਹੈ। ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਅਤੇ ਸ੍ਰੀ ਕੰਵਲਪ੍ਰੀਤ ਸਿੰਘ, ਜੂਨੀਅਰ ਇੰਜੀਨੀਅਰ ਦੀ ਰਿਪੋਰਟ ਦੇ ਅਧਾਰ ਤੇ ਆਪ ਨੂੰ ਉਪਰੋਕਤ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2021-22 ਤੋਂ 2028-29 ਤੱਕ 8 ਸਾਲ ਦੇ ਸਮੇਂ ਲਈ 31-03-2029 (ਇਕੱਤੀ ਮਾਰਚ ਦੋ ਹਜ਼ਾਰ ਉਣੱਤੀ)ਤੱਕ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਪੰਜਾਬ ਸਰਕਾਰ ਦੁਆਰਾ ਜਾਰੀ ਨੋਟੀਫਿਕੇਸ਼ਨ ਦੇ ਪਿੱਠ ਅੰਕਣ ਨੰ. 5/13/2018-3BR3/1294287/3 ਮਿਤੀ: 10-08-2018 ਰਾਹੀਂ ਜਾਰੀ ਹੋਈਆਂ ਹਦਾਇਤਾਂ ਦੇ ਸਨਮੁੱਖ ਅਤੇ ਹੇਠ ਦਰਸਾਈਆਂ ਸ਼ਰਤਾਂ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੇ ਸਟਰਕਚਰਲ ਡਿਜ਼ਾਈਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਅਥਾਰਿਟੀ ਖੁਦ ਜਿੰਮੇਵਾਰ ਹੋਵੇਗੀ।

2) ਜੇਕਰ ਸਕੂਲ ਅਥਾਰਟੀ ਵੱਲੋਂ ਬਿਲਡਿੰਗ ਵਿੱਚ ਕਿਸੇ ਵੀ ਤਰ੍ਹਾਂ ਦੀ ਅਡੀਸ਼ਨ / ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨ / ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਸਕੂਲ ਵੱਲੋਂ ਦੁਬਾਰਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇਗਾ।

3) ਜੇਕਰ ਬਿਲਡਿੰਗ ਨੂੰ ਹੜ੍ਹ ਜਾਂ ਭੂਚਾਲ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਂਦੀ ਹੈ ਤਾਂ ਸਕੂਲ ਅਥਾਰਟੀ ਤੁਰੰਤ ਇਸ ਵਿਭਾਗ ਦੇ ਧਿਆਨ ਵਿੱਚ ਲਿਆਵੇਗੀ।

4) ਬਿਲਡਿੰਗ ਦੀ ਹਰ ਪੱਖੋ ਸੇਫਟੀ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾ/ਸਕੂਲ ਦੀ ਹੋਵੇਗੀ ਅਤੇ ਆਪ ਹਰ ਸਾਲ ਟੈਕਨੀਕਲ ਕੁਆਲੀਫਾਈਡ ਸਟਰਕਚਰ ਇੰਜੀਨੀਅਰ ਵੱਲੋਂ ਉਕਤ ਇਮਾਰਤ ਦਾ ਤਸਦੀਕਸ਼ੁਦਾ ਫਿਟਨੈੱਸ ਸਰਟੀਫਿਕੇਟ ਲੈਣ ਉਪਰੰਤ ਇਸ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

5) ਅੱਗ ਬਝਾਊ ਯੰਤਰ ਸਬੰਧਿਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਤਸੱਲੀਬਖਸ਼ ਅਤੇ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਆਪ ਹਰ ਸਾਲ ਸਬੰਧਤ ਵਿਭਾਗ ਤੋਂ ਫਾਇਰ ਸੇਫਟੀ ਸਰਟੀਫਿਕੇਟ ਲੈਣ ਉਪਰੰਤ ਇਸ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

6) ਪੰਜਾਬ ਸਰਕਾਰ ਵੱਲੋਂ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਸ਼ਰਤਾਂ/ਨੋਟੀਫਿਕੇਸ਼ਨਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ। ਜੇਕਰ ਇਸ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਵੈਧਤਾ ਦੌਰਾਨ ਕਦੇ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਹਿੱਤ ਫੀਸ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਆਪ ਇਸ ਵਧੀ ਹੋਈ ਫੀਸ ਨੂੰ ਉਸ ਸਮੇਂ ਤੋਂ ਇਸ ਉਪ ਮੰਡਲ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

7) ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

ਉਪਰੋਕਤ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ, ਜੇਕਰ ਆਪ ਵੱਲੋਂ ਕੋਈ ਵੀ ਅਣਗਹਿਲੀ/ਢਿੱਲ ਵਰਤੀ ਜਾਂਦੀ ਹੈ ਤਾਂ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਤੁਰੰਤ ਸਮੇਂ ਤੋਂ ਰੱਦ ਸਮਝਿਆ ਜਾਵੇਗਾ।

ਨੱਥੀ/ ਸਰਟੀਫਿਕੇਟ

ਉਪ ਮੰਡਲ ਇੰਜੀਨੀਅਰ,
ਉਪ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਮੋਰਿੰਡਾ।